# Punjab Government Gazette

## EXTRAORDINARY

***Published by Authority***

CHANDIGARH, FRIDAY, AUGUST 6, 2021 (SRAVANA 15, 1943 SAKA)

**ਪੰਜਾਬ ਸਰਕਾਰ**

ਸਥਾਨਕ ਸਰਕਾਰ ਵਿਭਾਗ

(ਸਥਾਨਕ ਸਰਕਾਰ-3 ਸ਼ਾਖਾ)

**ਮੁੱਢਲਾ ਨੋਟੀਫਿਕੇਸ਼ਨ**

ਮਿਤੀ 6 ਅਗਸਤ, 2021

**ਨੰ: 9/5/2017-3ਸਸ3/1520.-**ਨਗਰ ਕੌਂਸਲ, ਗੜ੍ਹਸ਼ੰਕਰ ਵੱਲੋਂ ਹਾਊਸ ਦੀ ਮੀਟਿੰਗ ਵਿੱਚ ਪਾਸ ਕੀਤੇ ਗਏ ਮਤਾ ਨੰ: 45 ਮਿਤੀ 22.06.2016 ਰਾਹੀਂ ਨਗਰ ਕੌਂਸਲ, ਗੜ੍ਹਸ਼ੰਕਰ ਦੀਆਂ ਮੌਜੂਦਾ ਹੱਦਾਂ ਵਿਚ ਹੋਰ ਵਾਧਾ (ਬਾਕੀ ਰਹਿੰਦੇ ਏਰੀਏ ਨੂੰ ਸ਼ਾਮਲ ਕਰਨ) ਕਰਨ ਦੇ ਕੀਤੇ ਗਏ ਫੈਸਲੇ ਨੂੰ ਵਿਚਾਰਦੇ ਹੋਏ ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਪੰਜਾਬ ਮਿਊਂਸਪਲ ਐਕਟ 1911 ਦੀ ਧਾਰਾ 4 ਅਤੇ 5 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਤਜਵੀਜ਼ੀ ਹੱਦਾਂ ਨੂੰ ਪ੍ਰਕਾਸ਼ਿਤ ਕਰਦੇ ਹਨ। ਜਿਸ ਅਨੁਸਾਰ ਨਵੀਆਂ ਤਜਵੀਜ਼ਤ ਹੱਦਾਂ ਹੇਠ ਦਰਸਾਏ ਸ਼ਡਿਊਲ ਆਫ ਬਾਊਂਡਰੀ ਮੁਤਾਬਿਕ ਹਨ।

2. ਜੇਕਰ ਨਗਰ ਕੌਂਸਲ, ਗੜ੍ਹਸ਼ੰਕਰ ਦੀਆਂ ਹੱਦਾਂ ਵਿਚ ਵਾਧਾ ਕਰਨ ਸਬੰਧੀ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਜਾਂ ਸੁਝਾਅ ਲਿਖਤੀ ਰੂਪ ਵਿੱਚ ਅਧਿਸੂਚਨਾ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਪ੍ਰਮੁੱਖ ਸਕੱਤਰ, ਪੰਜਾਬ, ਸਰਕਾਰ ਸਥਾਨਕ ਸਰਕਾਰ ਵਿਭਾਗ (ਈਮੇਲ:secy.lg@punjab.gov.in), ਪੰਜਾਬ ਮਿਊਂਸਪਲ ਭਵਨ, ਸੈਕਟਰ 35ਏ , ਚੰਡੀਗੜ੍ਹ ਜਾਂ ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਗੜ੍ਹਸ਼ੰਕਰ ਵਿਖੇ ਦੇ ਸਕਦਾ ਹੈ।

**ਸ਼ਡਿਊਲ ਆਫ ਬਾਊਂਡਰੀ**

**ਉੱਤਰ:-** ਬਿੰਦੂ A ਜੋ ਕਿ ਪੁਰਾਣੀ ਹਦੂਦ ਦਾ ਬਿੰਦੂ ਹੈ, ਖਸਰਾ ਨੰ: 825/460 ਦੇ ਉੱਤਰੀ ਕੋਨਾ ਦੇ ਨਾਲ ਰੇਲਵੇ ਲਾਈਨ ਦੀ ਪੂਰਬੀ ਬਾਹੀ ਦੇ ਮਿਲਾਨ ਤੇ ਸਥਿਤ ਹੈ, ਤੋਂ ਸ਼ੁਰੂ ਹੋ ਕੇ ਰੇਲਵੇ ਲਾਈਨ ਦੀ ਪੂਰਬੀ ਬਾਹੀ ਦੇ ਨਾਲ-ਨਾਲ ਦੱਖਣ ਪਾਸੇ ਨੂੰ ਜਾਂਦੇ ਹੋਏ ਪਾਰੋਵਾਲ ਰੋਡ ਅਤੇ ਰੇਲਵੇ ਕਰੌਸਿੰਗ ਦੇ ਮਿਲਾਨ ਤੇ ਖਸਰਾ ਨੰ: 14//9 ਦੀ ਪੱਛਮੀ ਬਾਹੀ ਤੇ ਪੈਂਦੇ ਬਿੰਦੂ B ਤੱਕ, ਬਿੰਦੂ B ਤੋਂ ਪਾਰੋਵਾਲ ਰੋਡ ਦੀ ਪੂਰਬੀ ਬਾਹੀ ਨਾਲ ਉੱਤਰ ਪਾਸੇ ਨੂੰ ਚੱਲਦੇ ਹੋਏ ਖਸਰਾ ਨੰ: 14//2 ਦੇ ਉੱਤਰ ਕੋਨੇ ਤੇ ਪੈਂਦੇ ਬਿੰਦੂ C ਤੱਕ, ਬਿੰਦੂ C ਤੋਂ ਪੂਰਬੀ ਪਾਸੇ ਨੂੰ ਜਾਂਦੇ ਹੋਏ ਖਸਰਾ ਨੰ: 15//5/1 ਦੇ ਪੂਰਬੀ ਕੋਨੇ ਅਤੇ ਸਾਧੋਵਾਲ ਰੋਡ ਦੇ ਮਿਲਾਨ ਤੇ ਸਥਿਤ ਬਿੰਦੂ D ਤੱਕ, ਬਿੰਦੂ D ਤੋਂ ਸਾਧੋਵਾਲ ਰੋਡ ਤੋਂ ਦੱਖਣ ਵੱਲ ਨੂੰ ਜਾਂਦੇ ਹੋਏ ਖਸਰਾ ਨੰ: 11/1 ਦੇ ਉੱਤਰੀ ਕੋਨੇ ਤੇ ਸਥਿਤ ਬਿੰਦੂ E ਤੱਕ, ਬਿੰਦੂ E ਤੋਂ ਪੂਰਬੀ ਪਾਸੇ ਨੂੰ ਜਾਂਦੇ ਹੋਏ ਖਸਰਾ ਨੰ: 16//15 ਦੇ ਪੂਰਬੀ ਕੋਨੇ ਤੇ ਸਥਿਤ ਬਿੰਦੂ F ਤੱਕ, ਬਿੰਦੂ F ਤੋਂ ਉੱਤਰ ਵੱਲ ਜਾਂਦੇ ਹੋਏ ਖਸਰਾ ਨੰ: 2 ਦੇ ਉੱਤਰ ਪੱਛਮੀ ਕੋਨੇ ਤੇ ਸਥਿਤ ਬਿੰਦੂ G ਤੱਕ, ਬਿੰਦੂ G ਤੋਂ ਪੂਰਬ ਵੱਲ ਜਾਂਦੇ ਹੋਏ ਬੀਰਮਪੁਰ ਸੜਕ ਨੂੰ ਪਾਰ ਕਰਦੇ ਹੋਏ ਖਸਰਾ ਨੰ: 17//5/1 ਦੇ ਪੂਰਬੀ

ਕੋਨੇ ਤੇ ਸਥਿਤ ਬਿੰਦੂ H ਤੱਕ, ਬਿੰਦੂ H ਤੋਂ ਦੱਖਣ ਵੱਲ ਜਾਂਦੇ ਹੋਏ ਖਸਰਾ ਨੰ: 21//15 ਦੇ ਪੂਰਬੀ ਦੱਖਣੀ ਉੱਤਰੀ ਕੋਨੇ ਤੇ ਸਥਿਤ ਬਿੰਦੂ I ਤੱਕ, ਬਿੰਦੂ I ਤੋਂ ਪੂਰਬੀ ਪਾਸੇ ਨੂੰ ਪੁਰਾਣੀ ਹਦੂਦ ਅਤੇ ਪਾਹਲੇਵਾਲ ਨੂੰ ਜਾਂਦੀ ਸੜਕ ਦੇ ਨਾਲ ਚੱਲਦੇ ਹੋਏ ਖਸਰਾ ਨੰ: 20//18 ਦੇ ਪੂਰਬੀ ਕੋਨੇ ਅਤੇ ਪਿੰਡ ਗੜ੍ਹਸ਼ੰਕਰ-ਪਾਹਲੇਵਾਲ ਦੀ ਸਰਹੱਦ ਤੇ ਸਥਿਤ ਬਿੰਦੂ J ਤੱਕ, ਬਿੰਦੂ J ਤੋਂ ਪੁਰਾਣੀ ਹਦੂਦ ਅਤੇ ਪਿੰਡ ਗੜ੍ਹਸ਼ੰਕਰ-ਪਾਹਲੇਵਾਲ ਦੀ ਸਰਹੱਦ ਨਾਲ ਚੱਲਦੇ ਹੋਏ ਦੱਖਣ ਵੱਲ ਜਾਂਦੇ ਹੋਏ ਖਸਰਾ ਨੰ: 40//13/2 ਦੇ ਪੱਛਮੀ ਕੋਨੇ ਤੇ ਸਥਿਤ ਬਿੰਦੂ K ਤੱਕ, ਬਿੰਦੂ K ਤੋਂ ਪੁਰਾਣੀ ਹਦੂਦ ਨਾਲ ਪੂਰਬੀ ਨੂੰ ਜਾਂਦੇ ਹੋਏ ਪਾਹਲੇਵਾਲ ਸੜਕ ਨੂੰ ਪਾਰ ਕਰਦੇ ਹੋਏ ਬਿੰਦੂ L ਤੱਕ, ਜੋ ਕਿ ਖਸਰਾ ਨੰ: 24 ਦੇ ਉੱਤਰੀ ਕੋਨੇ ਤੇ ਅਤੇ ਪਾਹਲੇਵਾਲ ਦਿਹਹਜਾਂ ਡੁਘਰੀ ਦੇ ਸਰਹੱਦ ਤੇ ਸਥਿਤ ਹੈ।

**ਪੂਰਬ:-** ਬਿੰਦੂ L ਤੋਂ ਸ਼ਹਿਰ ਗੜ੍ਹਸੰਕਰ ਅਤੇ ਪਿੰਡ ਡੁਘਰੀ ਦੀ ਸਰਹੱਦ ਦੇ ਨਾਲ ਦੱਖਣ ਵੱਲ ਨੂੰ ਚਲਦੇ ਹੋਏ ਨੰਗਲ ਰੋਡ ਨੂੰ ਪਾਰ ਕਰਦੇ ਹੋਏ ਖਸਰਾ ਨੰ: 81//25 ਦੇ ਦੱਖਣੀ ਕੋਨੇ ਤੇ ਸਥਿਤ ਬਿੰਦੂ M ਤੱਕ, ਬਿੰਦੂ M ਤੋਂ ਪੂਰਬੀ ਵੱਲ ਨੂੰ ਜਾਂਦੇ ਖਸਰਾ ਨੰ: 82//3 ਦੇ ਪੂਰਬੀ ਕੋਨੇ ਤੇ ਸਥਿਤ ਬਿੰਦੂ N ਤੱਕ, ਬਿੰਦੂ N ਤੋਂ ਦੱਖਣ ਵੱਲ ਨੂੰ ਜਾਂਦੇ ਹੋਏ ਅਨੰਦਪੁਰ ਸਾਹਿਬ ਸੜਕ ਨੂੰ ਪਾਰ ਕਰਦੇ ਹੋਏ ਖਸਰਾ ਨੰ: 82//26 ਦੇ ਪੂਰਬੀ ਕੋਨੇ ਤੇ ਸਥਿਤ ਬਿੰਦੂ O ਤੱਕ, ਬਿੰਦੂ O ਤੋਂ ਗੜ੍ਹਸੰਕਰ ਅਤੇ ਮਤਾਬਪੁਰ ਦੀ ਸਰਹੱਦ ਨਾਲ ਪੱਛਮੀ ਪਾਸੇ ਨੂੰ ਜਾਂਦੇ ਹੋਏ ਖਸਰਾ ਨੰ: 103/1 ਤੇ ਸਥਿਤ ਬਿੰਦੂ P ਤੱਕ, ਬਿੰਦੂ P ਤੋਂ ਦੱਖਣ ਨੂੰ ਜਾਂਦੇ ਹੋਏ ਬਿੰਦੂ Q ਤੱਕ ਜੋ ਕਿ ਖਸਰਾ ਨੰ: 103//11 ਦੇ ਦੱਖਣੀ ਕੋਨੇ ਤੇ ਸਥਿਤ ਹੈ।

**ਦੱਖਣ:-** ਬਿੰਦੂ Q ਤੋਂ ਪੱਛਮੀ ਵੱਲ ਨੂੰ ਜਾਂਦੇ ਹੋਏ ਖਸਰਾ ਨੰ: 102//16 ਦੇ ਦੱਖਣੀ ਕੋਨੇ ਤੇ ਸਥਿਤ ਬਿੰਦੂ R ਤੱਕ, ਬਿੰਦੂ R ਤੋਂ ਗੜ੍ਹਸੰਕਰ ਅਤੇ ਪਿੰਡ ਬਗਵਾਈ ਦੀ ਸਰਹੱਦ ਦੇ ਨਾਲ ਉੱਤਰ ਪਾਸੇ ਜਾਂਦੇ ਹੋਏ ਖਸਰਾ ਨੰ: 102//8 ਤੇ ਸਥਿਤ ਬਿੰਦੂ S ਤੱਕ, ਬਿੰਦੂ S ਤੋਂ ਪੱਛਮੀ ਪਾਸੇ ਨੂੰ ਜਾਂਦੇ ਚੰਡੀਗੜ੍ਹ ਰੋਡ ਪਾਰ ਕਰਦੇ ਹੋਏ ਖਸਰਾ ਨੰ: 105//11 ਦੇ ਪੱਛਮੀ ਕੋਨੇ ਤੇ ਸਥਿਤ ਬਿੰਦੂ T ਤੱਕ, ਬਿੰਦੂ T ਤੋਂ ਗੜ੍ਹਸੰਕਰ ਅਤੇ ਪਿੰਡ ਇਬਰਾਹੀਮਪੁਰ ਦੀ ਸਰਹੱਦ ਦੇ ਨਾਲ ਉੱਤਰ ਵੱਲ ਨੂੰ ਜਾਂਦੇ ਹੋਏ ਬਿਸਤ ਦੁਆਬ ਦੀ ਉੱਤਰੀ ਬਾਹੀ ਅਤੇ ਖਸਰਾ ਨੰ: 97//2 ਦੀ ਦੱਖਣੀ ਬਾਹੀ ਤੇ ਸਥਿਤ ਬਿੰਦੂ U ਤੱਕ, ਬਿੰਦੂ U ਤੋਂ ਦੱਖਣ ਵੱਲ ਨੂੰ ਜਾਂਦੇ ਹੋਏ ਖਸਰਾ ਨੰ: 108//1 ਦੇ ਦੱਖਣੀ ਕੋਨੇ ਅਤੇ ਡੇਰੋ ਦਿਹਹਜਾਂ ਦੇਣੋਵਾਲ ਤੇ ਸਥਿਤ ਬਿੰਦੂ V ਤੱਕ, ਬਿੰਦੂ V ਤੋਂ ਉੱਤਰ ਵੱਲ ਨੂੰ ਜਾਂਦੇ ਹੋਏ ਬੰਗਾ ਸੜਕ ਪਾਰ ਕਰਦੇ ਹੋਏ ਖਸਰਾ ਨੰ: 96//20/2 ਦੇ ਪੂਰਬੀ ਕੋਨੇ ਤੇ ਸਥਿਤ ਬਿੰਦੂ W ਤੱਕ, ਬਿੰਦੂ W ਤੋਂ ਪੱਛਮੀ ਪਾਸੇ ਖਸਰਾ ਨੰ: 96//20/2 ਦੇ ਪੱਛਮੀ ਕੋਨੇ ਤੇ ਸਥਿਤ ਬਿੰਦੂ X ਤੱਕ, ਬਿੰਦੂ X ਤੋਂ ਉੱਤਰ ਵੱਲ ਨੂੰ ਜਾਂਦੇ ਹੋਏ ਬਿੰਦੂ Y ਤੱਕ, ਜੋ ਕਿ ਬਿਸਤ ਦੁਆਬ ਦੀ ਉੱਤਰੀ ਬਾਹੀ ਅਤੇ ਖਸਰਾ ਨੰ: 89//20 ਦੇ ਪੱਛਮੀ ਕੋਨੇ ਤੇ ਸਥਿਤ ਹੈ।

**ਪੱਛਮ:-** ਬਿੰਦੂ Y ਤੋਂ ਬਿਸਤ ਦੁਆਬ ਨਹਿਰ ਦੀ ਉੱਤਰੀ ਬਾਹੀ ਅਤੇ ਪੁਰਾਣੀ ਹਦੂਦ ਦੇ ਨਾਲ-ਨਾਲ ਪੱਛਮੀ ਵੱਲ ਨੂੰ ਜਾਦੇ ਹੋਏ ਰਾਵਲਪਿੰਡੀ ਰੋਡ ਅਤੇ ਖਸਰਾ ਨੰ: 48//21 ਦੇ ਪੱਛਮੀ ਕੋਨੇ ਦੇ ਮਿਲਾਨ ਤੇ ਸਥਿਤ ਬਿੰਦੂ Z ਤੱਕ, ਬਿੰਦੂ ਤੋਂ ਗੜ੍ਹਸੰਕਰ ਅਤੇ ਰਾਵਲਪਿੰਡੀ ਦੀ ਸਰਹੱਦ ਨਾਲ ਉੱਤਰ ਵੱਲ ਨੂੰ ਜਾਂਦੇ ਹੋਏ ਖਸਰਾ ਨੰ: 25//10 ਦੇ ਉੱਤਰੀ ਕੋਨੇ ਤੇ ਸਥਿਤ ਬਿੰਦੂ AA ਤੱਕ, ਬਿੰਦੂ AA ਤੋਂ ਉੱਤਰ ਵੱਲ ਨੂੰ ਗੜ੍ਹਸੰਕਰ ਲੱਲੀਆਂ ਦੀ ਸਰਹੱਦ ਨਾਲ ਜਾਂਦੇ ਹੋਏ ਕਾਲੇਵਾਲ ਲੱਲੀਆਂ ਸੜਕ ਨੂੰ ਪਾਰ ਕਰਦੇ ਹੋਏ ਮੁੱਢਲੇ ਬਿੰਦੂ A ਤੱਕ।

3 ਇਸ ਦਾ ਤਜਵੀਜਤ ਨਕਸ਼ਾ ਕਾਰਜ ਸਾਧਕ ਅਫਸਰ, ਨਗਰ ਕੌਂਸਲ, ਗੜ੍ਹਸ਼ੰਕਰ ਦੇ ਦਫ਼ਤਰ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਵੇਖਿਆ ਜਾ ਸਕਦਾ ਹੈ।

4. ਇਹ ਅਧਿਸੂਚਨਾ ਮਾਨਯੋਗ ਸਥਾਨਕ ਸਰਕਾਰ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀ ਜਾਂਦੀ ਹੈ।

ਸਹੀ/-

**ਅਜੋਏ ਕੁਮਾਰ ਸਿਨਹਾ, ਆਈ.ਏ.ਐਸ.,**

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,

ਸਥਾਨਕ ਸਰਕਾਰ ਵਿਭਾਗ।

ਚੰਡੀਗੜ੍ਹ

ਮਿਤੀ 5 ਅਗਸਤ, 2021

*2364/8-2021/Pb. Govt. Press, S.A.S. Nagar*